# ਦਫਤਰ ਜਿਲਾ ਸਿੱਖਿਆ ਅਫਸਰ (ਸੈਸਿ) ਮਾਨਸਾ।

ਵੱਲ

ਸਮੂਹ ਸਕੂਲ ਮੁਖੀ
ਜਿਲਾ ਮਾਨਸਾ।

ਪੱਤਰ ਨੰ 2/26-2019ਅ-1/201930 3686
ਮਿਤੀ ਮਾਨਸਾ-12.09.2019

ਵਿਸ਼ਾ- ਗ੍ਰੇਡ ਰਵੀਜਨ ਅਕਤੂਬਰ 2011/ਦਸੰਬਰ 2011 ਅਨੁਸਾਰ ਕੀਤੀ ਤਨਖਾਹ ਫਿਕਸੇਸ਼ਨ ਸਬੰਧੀ ਸਪੱਸ਼ਟੀਕਰਣ ।

ਹਵਾਲਾ- ਡਾਇਰੈਕਟਰ,ਸਿੱਖਿਆ ਵਿਭਾਗ (ਸੈਸਿ) ਦੇ ਪੱਤਰ ਨੰ-15/61-2017 ਕੇ ਸੈੱਲ (1)/489 ਮਿਤੀ 16/8/17 ਦੇ ਸਬੰਧ ਵਿੱਚ।

ਉਪਰੋਕਤ ਹਵਾਲਾ ਅਧੀਨ ਪੱਤਰ (ਨੱਥੀ) ਅਨੁਸਾਰ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਾਸਟਰ ਕਾਡਰ ਦੇ ਸੀਨੀਅਰ/ਜੂਨੀਅਰ ਕੇਸ ਵਾਚਦੇ ਹੋਏ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਮਾਸਟਰ ਕਾਡਰ ਦੇ ਸਕੇਲ ਦੋ ਵਾਰ ਰੀਵਾਈਜਡ ਹੋਏ ਸਨ ਜਿਵੇ ਕਿ ਅਕਤੂਬਰ 2011 ਵੇਲੇ 10300-34800+4600 ਅਤੇ ਦਸੰਬਰ 2011 ਵੇਲੇ 10300-34800+5000 ਹੋਏ ਸਨ।ਪਰੰਤੂ ਕਾਫੀ ਕਰਮਚਾਰੀਆ ਦੀ ਸਰਵਿਸ ਰਿਕਾਰਡ ਵਿੱਚ ਅਕਤੂਬਰ ਮਹੀਨੇ ਵਿੱਚ ਸਾਲਾਨਾ ਤਰੱਕੀਆਂ ਲਗਾਈਆ ਗ਼ਈਆਂ ਹਨ,ਜਦੋ ਕਿ ਸਾਲਾਨਾ ਤਰੱਕੀਆਂ ਦਸੰਬਰ ਵਿੱਚ ਲਗਾਈਆਂ ਗਈਆਂ ਸਨ।ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਹਵਾਲਾ ਅਧੀਨ ਪੱਤਰ ਅਨੁਸਾਰ ਸਮੂਹ ਮਾਸਟਰ ਕਾਡਰ ਕਰਮਚਾਰੀਆਂ ਦੀ ਤਨਖਾਹ ਫਿਕਸ ਕੀਤੀ ਜਾਵੇ ਅਤੇ ਬਣਦੀ ਰਿਕਵਰੀ ਕਰਦੇ ਹੋਏ ਲੋੜੀਦਾ ਇੰਦਰਾਜ ਸਰਵਿਸ ਬੁੱਕ ਵਿੱਚ ਕੀਤਾ ਜਾਵੇ । 10 ਦਿਨਾਂ ਤੋ ਬਾਅਦ ਇਸ ਦਫਤਰ ਨੂੰ ਰਿਪੋਰਟ /ਸਰਟੀਫਿਕੇਟ ਦਿੱਤਾ ਜਾਵੇ ਕਿ ਹਵਾਲਾ ਅਧੀਨ ਪੱਤਰ ਰਾਂਹੀ ਸਕੂਲ ਵਿੱਚ ਤੈਨਾਤ ਸਾਰੇ ਕਰਮਚਾਰੀਆਂ ਦੀ ਤਨਖਾਹ ਫਿਕਸ ਕਰ ਦਿੱਤੀ ਹੈ.ਅਤੇ ਬਣਦੀ ਰਿਕਵਰੀ ਵੀ ਕਰ ਲਈ ਹੈ।ਇਹ ਆਪਨੂੰ ਲੋੜੀਦੀ ਕਾਰਵਾਈ ਹਿੱਤ ਹੈ।

ਜਿਲਾ ਸਿੱਖਿਆ ਅਫਸਰ (ਸੈਸਿ) 12/9/19
ਮਾਨਸਾ